## ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ : ਅਕਾਦਮਿਕ ਸਾਲ 2024-25 ਲਈ ਬੋਰਡ ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਅਧੀਨ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ (ਜਨਰਲ ਅੰਗਰੇਜ਼ੀ) ਜਮਾਤਾਂ ਦੇ ਅੰਗਰੇਜ਼ੀ ਵਿਸ਼ੇ ਲਈ Practical (Listening and Speaking skill testing) /CCE/ Internal Assessment ਸਬੰਧੀ ਹਿਦਾਇਤਾਂ।**

**1.** ਬੋਰਡ ਵਲੋਂ ਅਕਾਦਮਿਕ ਸੈਸ਼ਨ 2024-25 ਲਈ ਸਾਲਾਨਾ ਪ੍ਰੀਖਿਆਵਾਂ ਅਧੀਨ ਅੱਠਵੀਂ, ਦੱਸਵੀਂ ਅਤੇ ਬਾਰ੍ਹਵੀਂ (ਜਨਰਲ ਅੰਗਰੇਜ਼ੀ) ਜਮਾਤਾਂ ਲਈ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ (Listening and Speaking skill testing)ਲਿਆ ਜਾਣਾ ਹੈ। ਜਿਸ ਵਿੱਚ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਲਈ ਪ੍ਰੈਕਟੀਕਲ (Listening and Speaking skill testing) ਸਬੰਧੀ ਮੁਲਾਂਕਣ ਬੋਰਡ ਵਲੋਂ ਜਾਰੀ CCE/ Internal Assessment ਲਈ ਨਿਰਧਾਰਤ 20 ਅੰਕਾਂ ਅਧੀਨ ਕੀਤਾ ਜਾਣਾ ਹੈ।

**2. ਉਪਰੋਕਤ ਦੀ ਲੋਅ ਵਿੱਚ ਅਧਿਆਪਕਾਂ ਨੂੰ ਹੇਠ ਦਰਸਾਏ ਅਨੁਸਾਰ Guidelines follow ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:**

i. ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ ਸਕੂਲ ਪੱਧਰ ਤੇ (Internal) ਹੋਵੇਗਾ ਅਤੇ ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕਾਂ ਦੁਆਰਾ ਲਿਆ ਜਾਵੇਗਾ। ਇਸ ਸਬੰਧੀ ਬੋਰਡ ਵੱਲੋਂ ਵੱਖਰਾ ਪ੍ਰਸ਼ਨ ਪੱਤਰ ਨਹੀਂ ਭੇਜਿਆ ਜਾਵੇਗਾ।

ii. ਪ੍ਰੈਕਟੀਕਲ (Listening and Speaking skill testing) ਸਬੰਧੀ Practice sheets ਅਤੇ Audios clips ਪੰਜਾਬ ਸਕੂਲ ਸਿੱਖਿਆ ਬੋਰਡ ਦੀ Website (www.pseb.ac.in) ਤੇ ਉਪਲਬੱਧ ਹਨ।

iii. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹੋਰ ਵਿਸ਼ਿਆਂ ਦੇ ਪ੍ਰੈਕਟੀਕਲਜ਼ ਵਾਂਗ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ (Listening and Speaking skill testing) ਦਾ ਸ਼ਡਿਊਲ ਬੋਰਡ ਵੱਲੋਂ ਨਿਰਧਾਰਿਤ ਕਰਕੇ ਸਕੂਲਾਂ ਨੂੰ ਭੇਜਿਆ ਜਾਵੇਗਾ। ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਅਧਿਆਪਕਾਂ ਵੱਲੋਂ ਲਏ ਗਏ ਅੰਗਰੇਜ਼ੀ ਪ੍ਰੈਕਟੀਕਲ (Listening and Speaking skill testing) ਦੇ ਅੰਕ CCE/ Internal Assessment ਅਧੀਨ ਸਕੂਲ ਵੱਲੋਂ ਬੋਰਡ ਨੂੰ ਭੇਜੇ ਜਾਣਗੇ।

**iv. ਅੱਠਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ CCE 20 ਅੰਕਾਂ ਦੀ ਹੋਵੇਗੀ।**

- Listening Test 6 ਅੰਕਾਂ ਦਾ ਹੋਵੇਗਾ।

  Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ

10 ਪ੍ਰਸ਼ਨਾਂ ਵਿੱਚੋਂ ਕੋਈ 6 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

- Speaking Test 4 ਅੰਕਾਂ ਦਾ ਹੋਵੇਗਾ।
  ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 4 sentences ਬੋਲਣ ਨੂੰ ਕਿਹਾ ਜਾਵੇਗਾ ਜਾਂ sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇਗਾ।
- ਜਮਾਤ ਵਿੱਚ ਵਿਦਿਆਰਥੀਆਂ ਦੀ ਕਾਰਗੁਜਾਰੀ, ਸਹਿਯੋਗ ਅਨੁਸਾਸ਼ਨ ਅਤੇ ਸਵਾਗਤ ਜਿੰਦਗੀ ਅਧੀਨ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ : 02 ਅੰਕ
- ਪ੍ਰੀ-ਬੋਰਡ/ ਟਰਮ ਪਰੀਖਿਆ : 02 ਅੰਕ
- Notebook /Assignments / Participation in Tests : 06 ਅੰਕ

v. **ਦਸਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ Internal Assessment 20 ਅੰਕਾਂ ਦੀ ਹੋਵੇਗੀ।**

- Listening Test 9 ਅੰਕਾਂ ਦਾ ਹੋਵੇਗਾ।
  Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ 9 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।
- Speaking Test 6 ਅੰਕਾਂ ਦਾ ਹੋਵੇਗਾ।
  ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 3 sentences ਬੋਲਣ ਨੂੰ ਕਿਹਾ ਜਾਵੇਗਾ ਅਤੇ Sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 3 ਸਹੀ ਉੱਤਰ ਦੇਣ ਨੂੰ ਕਿਹਾ ਜਾਵੇ।
- Pre-Board/ਟਰਮ ਪਰੀਖਿਆ : 3 ਅੰਕ
- Book Bank : 1 ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਵਾਪਿਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ) ਦੇ ਦਿੱਤੇ ਜਾਣਗੇ।
- ਸਵਾਗਤ ਜਿੰਦਗੀ ਵਿਸ਼ੇ ਅਧੀਨ ਕੀਤੀਆਂ ਕਿਰਿਆਵਾਂ : 1 ਅੰਕ

vi. **ਬਾਰ੍ਹਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ Internal Assessment 20 ਅੰਕਾਂ ਦੀ ਹੋਵੇਗੀ।**

- Listening Test 9 ਅੰਕਾਂ ਦਾ ਹੋਵੇਗਾ।
- Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ

ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ 9 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਸਹੀ ਜਵਾਬ ਇਕ ਅੰਕ ਦਾ ਹੋਵੇਗਾ।

- Speaking Test 6 ਅੰਕਾਂ ਦਾ ਹੋਵੇਗਾ। ਇਸ ਕਿਰਿਆ ਵਿੱਚ ਵਿਦਿਆਰਥੀ ਨੂੰ ਵਰਕਸ਼ੀਟ ਅਧਾਰਿਤ ਕੋਈ ਸਥਿਤੀ/cue card/ਤਸਵੀਰ ਦਿੱਤੀ ਜਾਵੇਗੀ ਅਤੇ ਉਹਨਾਂ ਨੂੰ ਇਸ ਸਬੰਧੀ ਵਾਕ ਬੋਲਣ ਲਈ ਕਿਹਾ ਜਾਵੇਗਾ ਜਿਸਦੀ ਬਣਤਰ (sentence structure), ਉਚਾਰਣ (Pronunciation) ਅਤੇ ਹਾਵ ਭਾਵ (expression) ਦੇ ਅਧਾਰ ਤੇ ਮੁਲੰਕਣ ਕੀਤਾ ਜਾਵੇਗਾ।
- Pre-Board/ ਟਰਮ ਪਰੀਖਿਆ : 3 ਅੰਕ
- Book Bank : 1 ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਵਾਪਿਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ) ਦੇ ਦਿੱਤੇ ਜਾਣਗੇ।
- ਸਵਾਗਤ ਜ਼ਿੰਦਗੀ ਵਿਸ਼ੇ ਅਧੀਨ ਕੀਤੀਆਂ ਕਿਰਿਆਵਾਂ : 1 ਅੰਕ